**ਵਿਸ਼ਾ:-** **ਪੰਜਾਬ ਸਿੱਖਿਆ ਵਿਕਾਸ ਬੋਰਡ ਅਧੀਨ ਪਬਲਿਕ ਪ੍ਰਾਈਵੇਟ ਪਾਰਟਨਰਜ਼ ਮੋਡ ਤਹਿਤ ਆਦਰਸ਼ ਸਕੂਲਾਂ ਦੀ ਸਥਾਪਨਾਂ ਸਬੰਧੀ-ਕੰਮ ਕਾਜ ਚਲਾਉਣ ਲਈ ਗਾਇਡ ਲਾਇਨ/ ਹਦਾਇਤਾਂ ਸਬੰਧੀ ।**

(ੳ) **ਆਦਰਸ਼ ਸਕੂਲ :-**

ਪੇਂਡੂ ਇਲਾਕਿਆਂ ਦੀ ਸਕੂਲ ਸਿੱਖਿਆ ਦੇ ਪੱਧਰ ਅਤੇ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਅਤੇ ਖਾਸ ਕਰਕੇ ਸਬੰਧਤ ਪੇਂਡੂ ਇਲਾਕਿਆਂ ਨਾਲ ਸਬੰਧ ਰੱਖਣ ਵਾਲੇ ਗਰੀਬ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਮੁਫਤ ਮਿਆਰੀ ਸਿੱਖਿਆ ਮੁਹੱਈਆ ਕਰਾਉਣ ਲਈ ਪੰਜਾਬ ਰਾਜ ਦੇ **ਸਾਰੇ ਬਲਾਕਾਂ** ਵਿੱਚ ਪ੍ਰੀ-ਨਰਸਰੀ ਤੋ +2 ਜਮਾਤਾਂ ਵਾਲੇ ਆਦਰਸ਼ ਸਕੂਲ ਪੰਜਾਬ ਸਿੱਖਿਆ ਵਿਕਾਸ ਬੋਰਡ ਵਲੋ ਨਿਕਟ ਭਵਿੱਖ ਵਿਚ ਖੋਲੇ ਜਾਣੇ ਹਨ ।

(ਅ) **ਆਦਰਸ਼ ਸਕੂਲਾਂ ਲਈ ਜ਼ਮੀਨ ਦਾ ਪ੍ਰਬੰਧ :-**

10 ਤੋ 15 ਏਕੜ ਜ਼ਮੀਨ, ਜਿਸਦੀ ਮਲਕੀਅਤ ਬਿਲਕੁੱਲ ਸਾਫ ਹੋਵੇ ਅਤੇ ਜੋ ਮੁਕੱਦਮੇਬਾਜੀ ਅਤੇ ਭਾਰਾਂ ਤੋ ਮੁਕਤ ਹੋਵੇ, ਇੱਕ ਆਦਰਸ਼ ਸਕੂਲ ਸਥਾਪਤ ਕਰਨ ਲਈ ਉਪਲਬੱਧਤਾ ਦੀ ਸ਼ਰਤ ਦੇ ਤਹਿਤ ਮੁਹੱਈਆ ਕਰਵਾਈ ਗਈ ਜ਼ਮੀਨ 25 ਏਕੜ ਤੱਕ ਹੋ ਸਕਦੀ ਹੈ । ਇਹ ਜ਼ਮੀਨ ਤਰਜੀਹੀ ਤੌਰ ਤੇ ਜਾਂ ਤਾਂ ਮੁੱਖ ਮਾਰਗ / ਸੜਕ ਉਤੇ ਜਾਂ ਕਿਸੇ ਕੇਂਦਰੀ ਸਥਿਤ ਪਿੰਡ ਵਿਚ ਹੋਣੀ ਚਾਹੀਦੀ ਹੈ ਤਾਂ ਜੋ ਉਕਤ ਸਕੂਲ ਕੁਸ਼ਲ ਅਤੇ ਪ੍ਰਭਾਵੀ ਤਰੀਕੇ ਨਾਲ ਵੱਧ ਤੋ ਵੱਧ ਇਲਾਕੇ ਅਤੇ ਵੱਸੋ ਦੀ ਸੇਵਾ ਕਰਨ ਦੇ ਸਮਰੱਥ ਹੋ ਸਕੇ । ਕਿਉਂ ਜੋ ਇਸ ਮੰਤਵ ਲਈ ਜ਼ਮੀਨ ਮੁਹੱਈਆ ਕਰਾਉਣਾ ਜਰੂਰੀ ਤੌਰ ਤੇ ਪੰਜਾਬ ਸਿੱਖਿਆ ਵਿਕਾਸ ਬੋਰਡ ਦੀ ਜਿੰਮੇਵਾਰੀ ਹੋਵੇਗੀ, ਇਸ ਮੰਤਵ ਲਈ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ, ਜਿਲ੍ਹਾ ਪ੍ਰੀਸਦਾਂ ਜਾਂ ਹੋਰਨਾਂ ਸਥਾਨਕ ਸੰਸਥਾਵਾਂ ਜਾਂ ਅਥਾਰਟੀਆਂ ਦੀ ਜ਼ਮੀਨ ਦੀ ਵਰਤੋ ਇਸ ਮੰਤਵ ਲਈ ਕੀਤੀ ਜਾਵੇਗੀ । ਜ਼ਮੀਨ ਦੀ ਸਨਾਖ਼ਤ ਕਰਨ ਅਤੇ ਸਥਾਨ ਨੂੰ ਅੰਤ੍ਰਿਮ ਰੂਪ ਦੇਣ ਤੋ ਬਾਅਦ ਉਸ ਨੂੰ ਮੁਫ਼ਤ ਵਿਚ ਪੰਜਾਬ ਸਿੱਖਿਆ ਵਿਕਾਸ ਬੋਰਡ, ਪੰਜਾਬ ਸਿੱਖਿਆ ਵਿਕਾਸ ਐਕਟ 1998 ਅਧੀਨ ਗਠਿਤ ਕਾਨੂੰਨੀ ਬੋਰਡ ਜਿਸ ਦੀ ਅਗਵਾਈ ਮਾਨਯੋਗ ਮੁੱਖ ਮੰਤਰੀ ਪੰਜਾਬ-ਕਮ-ਚੇਅਰਮੈਨ ਪੰਜਾਬ ਸਿਖਿਆ ਵਿਕਾਸ ਬੋਰਡ ਜੀ ਦੁਆਰਾ ਕੀਤੀ ਜਾਂਦੀ ਹੈ, ਨੂੰ ਟਰਾਂਸਫਰ ਕੀਤੀ ਜਾਵੇਗੀ । ਬੋਰਡ ਇਹਨਾਂ ਜ਼ਮੀਨਾਂ ਨੂੰ ਨਾਂ-ਮਾਤਰ ਰਾਸ਼ੀ ਉਤੇ ਲੰਮੇ ਸਮੇ ਲਈ ਸ਼ਨਖਤ ਕੀਤੇ ਪਬਲਿਕ ਪ੍ਰਾਈਵੇਟ ਪਾਰਟਨਰਜ਼ ਨੂੰ ਅੱਗੋ 99 ਸਾਲਾਂ ਲਈ ਪੱਟੇ ਉਤੇ ਦੇਵੇਗਾ । ਇਸ ਸਬੰਧ ਵਿੱਚ ਉਹਨਾਂ ਨਾਲ ਐਗਰੀਮੈਂਟ/ਲੀਜ਼

ਡੀਡ ਮੈਂਬਰ ਸਕੱਤਰ ਬੋਰਡ ਵਲੋ ਹਸਤਾਖ਼ਰ ਕੀਤੀ ਜਾਵੇਗੀ । ਹਸਤਾਖ਼ਰ ਕੀਤੇ ਜਾਣ ਵਾਲੇ ਐਗਰੀਮੈਂਟ/ਲੀਜ ਡੀਡ ਦਾ ਨਮੂਨਾਂ ਅਨੈਕਸਚਰ-1 ਅਤੇ 2 ਤੇ ਨਾਲ ਨੱਥੀ ਹੈ ।

**(ੲ) ਬੁਨਿਆਦੀ ਢਾਂਚਾ :-**

ਆਦਰਸ਼ ਸਕੂਲਾਂ ਵਿੱਚ ਉੱਚ ਪੱਧਰ ਸਥਾਪਿਤ ਕਰਨ ਲਈ ਅਤੇ ਇਕ ਰੂਪਤਾ ਲਿਆਉਣ ਲਈ ਸਿਲੇਬਸ, ਸਟਾਫਿੰਗ ਪੈਟਰਨ, ਅਧਿਆਪਕਾਂ ਦੀਆਂ ਵਿਦਿਅਕ ਯੋਗਤਾਵਾਂ ਅਤੇ ਮਾਪਦੰਡ, ਸੀ.ਬੀ.ਐਸ.ਈ ਪ੍ਰਣਾਲੀ, ਜੋ ਸਭ ਤੋ ਬਿਹਤਰ ਹੈ, ਅਪਣਾਈ ਜਾਵੇਗੀ । ਆਦਰਸ਼ ਸਕੂਲਾਂ ਨੂੰ ਇੱਕ ਵੱਖਰੀ ਅਤੇ ਨਿਵੇਕਲੀ ਪਹਿਚਾਣ ਦੇਣ ਲਈ ਸਾਰੀਆਂ ਸਕੂਲੀ ਇਮਾਰਤਾਂ, ਵਰਦੀਆਂ ਅਤੇ ਝੰਡਿਆਂ ਲਈ ਰੰਗਾ ਦੀ ਵਰਤੋ ਇੱਕੋ-ਜਿਹੀ ਹੋਵੇਗੀ । ਇਮਾਰਤਾਂ, ਪ੍ਰਯੋਗਸਾਲਾਵਾਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਡਿਜ਼ਾਇਨ ਅਤੇ ਬਣਤਰ, ਜ਼ਮੀਨ ਦਾ ਆਕਾਰ ਅਤੇ ਹੋਰ ਸਥਾਨਕ ਬੰਦਸਾ ਦੇ ਧਿਆਨ ਵਿਚ ਰੱਖਦਿਆਂ ਹੋਇਆਂ , ਆਮ ਤੌਰ ਤੇ ਇੱਕੋ ਤਰੀਕੇ ਦਾ ਹੋਵੇਗਾ । ਪ੍ਰੰਤੂ ਪ੍ਰਾਈਵੇਟ ਪਾਰਟਨਰ ਨੂੰ ਇਹ ਖੁਲ੍ਹ ਹੋਵੇਗੀ ਕਿ ਉਹ ਆਦਰਸ਼ ਸਕੂਲ ਦੇ ਅੰਦਰੂਨੀ ਹਿੱਸੇ ਨੂੰ ਆਪਣੀ ਮਰਜ਼ੀ ਅਨੁਸਾਰ ਸਜ਼ਾ ਸਕਦਾ ਹੈ ਅਤੇ ਰੰਗ ਆਦਿ ਕਰਵਾ ਸਕਦਾ ਹੈ ।

**(ਸ) ਪ੍ਰਬੰਧਕੀ ਢਾਂਚਾ :-**

ਪੰਜਾਬ ਰਾਜ ਵਿੱਚ ਸਾਰੇ ਆਦਰਸ਼ ਸਕੂਲਾਂ ਦਾ ਪ੍ਰਬੰਧ ਕਰਨ ਲਈ ਦੋ ਪੱਧਰੀ ਮੈਨੇਜਮੈਂਟ ਪ੍ਰਣਾਲੀ ਦਾ ਇਸਤੇਮਾਲ ਕੀਤਾ ਜਾਵੇਗਾ । ਰਾਜ ਪੱਧਰ ਉਤੇ ਪ੍ਰਧਾਨ ਸੰਸਥਾ ਉਪਰੋਕਤ ਪੰਜਾਬ ਸਿੱਖਿਆ ਵਿਕਾਸ ਬੋਰਡ, ਜੋ ਪੰਜਾਬ ਸਿੱਖਿਆ ਵਿਕਾਸ ਐਕਟ, 1998 ਦੇ ਅਧੀਨ ਸਥਾਪਿਤ ਕੀਤਾ ਗਿਆ ਹੈ, ਹੋਵੇਗਾ । ਇਸ ਲਈ ਹੇਠ ਲਿਖੇ ਅਨੁਸਾਰ ਉਪਬੰਧ ਹੋਵੇਗਾ

(1) ਇਹ ਕਿ ਆਦਰਸ਼ ਸਕੂਲ ਜਾਂ ਬੋਰਡ ਵਲੋ ਸਿੱਧੇ ਤੌਰ ਤੇ ਖੁਦ ਹੀ ਸਥਾਪਿਤ ਕੀਤੇ ਜਾ ਸਕਣਗੇ ਅਤੇ ਜਾਂ ਪ੍ਰਾਈਵੇਟ ਪਾਰਟਨਰਸ਼ਿਪ ਮੋਡ ਵਿੱਚ ;

(2) ਇਹ ਕਿ ਆਦਰਸ਼ ਸਕੂਲ ਦੀ ਸਥਾਪਨਾਂ ਲਈ ਬੋਰਡ ਨੂੰ ਪੰਚਾਇਤੀ ਰਾਜ ਸੰਸਥਾਵਾਂ (ਐਨ.ਆਈ.ਆਰ) ਸਥਾਨਕ ਇਲਾਕਿਆਂ, ਕਾਰਪੋਰੇਸਨਾਂ, ਵਿਭਾਗ ਅਤੇ ਇੱਥੋ ਤੱਕ ਕਿ ਨਿੱਜੀ ਵਿਅਕਤੀਆਂ ਅਤੇ ਪਾਰਟੀਆਂ ਤੋ ਵੀ ਜਿਨ੍ਹਾਂ ਵਿਚ ਐਨ.ਆਰ.ਆਈਜ਼ ਅਤੇ ਟੈਨ.ਜੀ.ਓਜ ਵੀ ਸ਼ਾਮਿਲ ਹਨ, ਤੋ ਸੌਗਾਤ ਜਾਂ ਦਾਨ ਦੇ ਤੌਰ ਤੇ ਜ਼ਮੀਨ ਪ੍ਰਾਪਤ ਕਰਨ ਦੀ ਸਮਰੱਥਾਂ ਹੋਵੇਗੀ ਅਤੇ ਉਸਨੂੰ ਚੁਣੇ ਹੋਏ ਨਿੱਜੀ ਹਿੱਸੇਦਾਰਾਂ ਨੂੰ ਪੱਟੇ ਤੇ ਦੇਣ ਲਈ

ਅਧਿਕਾਰਤ ਹੋਵੇਗਾ ਅਤੇ ਬੋਰਡ ਵਿੱਚ ਇੱਕ ਪਾਸੇ ਰਾਜ ਸਰਕਾਰ ਅਤੇ ਦੂਜੇ ਪਾਸੇ ਨਿੱਜੀ ਹਿੱਸੇਦਾਰ ਅਤੇ ਸਿੱਖਿਆ ਸ਼ਾਸਤਰ ਦੇ ਮੈਂਬਰ ਰੂਲਾਂ ਵਿੱਚ ਉਪਬੰਧ ਅਨੁਸਾਰ ਹੋਣਗੇ ;

(3) ਇਹ ਕਿ ਪੰਜਾਬ ਸਿੱਖਿਆ ਵਿਕਾਸ ਫੰਡ ਵਿਚੋ ਆਦਰਸ਼ ਸਕੂਲ ਦੀ ਸਥਾਪਨਾਂ ਅਤੇ ਉਹਨਾਂ ਨੂੰ ਚਲਾਉਣ ਦਾ ਖ਼ਰਚਾ ਪਬਲਿਕ ਪ੍ਰਾਈਵੇਟ ਪਾਰਟਨਰਜ਼ ਨਾਲ ਮਿਲ ਕੇ ਰੂਲਾਂ / ਸਮੇਂ ਸਮੇਂ ਤੇ ਬੋਰਡ ਵੱਲੋ ਲਏ ਗਏ ਫੈਸਲਿਆ ਅਨੁਸਾਰ ਕੀਤਾ ਜਾਵੇਗਾ ।

(4) ਆਦਰਸ਼ ਸਕੂਲ ਦੇ ਨਾਂ ਵਿਚ ਸਰਕਾਰ ਦਾ ਨਾਂ ਪਹਿਲਾ ਆਵੇਗਾ ਅਤੇ ਇਸ ਤੋਂ ਬਾਅਦ ਸਬੰਧਤ ਪ੍ਰਾਈਵੇਟ ਪਾਰਟਨਰ ਦਾ ਨਾਂ ਅਤੇ ਇਸ ਤੋਂ ਬਆਦ ਜਗ੍ਹਾ ਦਾ ਨਾਂ ਆਦਿ ਆਵੇਗਾ ।

(5) ਜੇਕਰ ਭਵਿੱਖ ਵਿੱਚ ਬੋਰਡ ਰਾਹੀ ਸਥਾਪਿਤ ਕੀਤੇ ਜਾਣ ਵਾਲੇ ਆਦਰਸ਼ ਸਕੂਲਾਂ ਦੀਆਂ ਸਾਇਟਾਂ ਵਿੱਚ ਨਿੱਜੀ ਭਾਈਵਾਲਾਂ ਵੱਲੋ ਕੋਈ ਦਿਲਚਸਪੀ ਨਹੀ ਵਿਖਾਈ ਜਾਦੀ ਤਾਂ ਇਸ ਸੂਰਤ ਵਿਚ ਬਕਾਇਆ ਰਹਿੰਦੀਆਂ ਸਾਇਟਾਂ ਪੰਜਾਬ ਸਕੂਲ ਸਿੱਖਿਆ ਬੋਰਡ , ਮੁਹਾਲੀ ਜਾਂ ਦੂਸਰੇ ਪ੍ਰਮੰਨੇ ਟਰਸਟਾਂ / ਸੁਸਾਇਟੀਆਂ ਨੂੰ ਦਿੱਤੀਆ ਜਾਣਗੀਆ ਅਤੇ ਉਹਨ੍ਹਾਂ ਨੂੰ 100 ਪ੍ਰਤੀਸ਼ਤ ਕੈਪੀਟਨ ਕਾਸਟ ਜਾਂ 3.00 ਕਰੋੜ ਰੁਪਏ , ਜੋ ਵੀ ਘੱਟ ਹੋਵੇ, ਅਤੇ ਉਪਰੇਸ਼ਨਲ ਕਾਸਟ ਦਾ 75.00 ਲੱਖ ਰੁਪਏ ਪ੍ਰਤੀ ਸਾਲ ਅਨੁਦਾਨ ਦੇ ਤੌਰ ਤੇ ਦਿੱਤਾ ਜਾਵੇਗਾ । ਸ਼ਰਤ ਇਹ ਹੋਵੇਗੀ ਕਿ ਉਹ ਵਿਦਿਆਰਥੀਆਂ ਤੋਂ ਕੋਈ ਫ਼ੀਸ ਨਹੀਂ ਲੈਣਗੇ ਅਤੇ ਜ਼ਮੀਨ ਲੀਜ਼ ਤੇ ਹੀ ਰਹੇਗੀ ।

**(ਹ) ਸਕੂਲ ਪੱਧਰ ਦਾ ਪ੍ਰਬੰਧ (ਮੈਨੇਜਮੈਂਟ) :-**

ਆਦਰਸ਼ ਸਕੂਲਾਂ ਦਾ ਪ੍ਰਭਾਵੀ ਤੌਰ ਤੇ ਪ੍ਰਬੰਧ (ਮੈਨੇਜਮੈਂਟ) ਨਿੱਜੀ ਹਿੱਸੇਦਾਰ ਕਰੇਗਾ ਜੋ ਕਿ ਇਸ ਮੰਤਵ ਲਈ ਸੋਸਾਇਟੀਜ਼ ਰਜਿਸਟਰੇਸਨ ਐਕਟ, 1860 ਦੇ ਅਧੀਨ ਰਜਿਸਟਰਡ ਵੱਖਰੇ ਟਰਸੱਟ ਜਾਂ ਸੋਸਾਇਟੀ ਬਨਾਉਣ ਲਈ ਸੁਤੰਤਰ ਹੋਵੇਗਾ, ਹਾਲਾਂ ਕਿ ਇੱਕ ਆਦਰਸ਼ ਸਕੂਲ ਚਲਾਉਣ ਲਈ ਉਹਨਾਂ ਨੂੰ ਆਪਣੀਆਂ ਮੌਜੂਦਾ ਸੰਸਥਾਵਾਂ ਦਾ ਇਸਤੇਮਾਲ ਕਰਨ ਲਈ ਕੋਈ ਮਨਾਹੀ ਨਹੀਂ ਹੋਵੇਗੀ । ਆਦਰਸ਼ ਸਕੂਲ ਚਲਾਉਣ ਲਈ ਅਧਿਕਾਰ ਅਤੇ ਕੰਮ ਕਾਜੀ ਪੱਧਰ ਤੇ ਆਉਣ ਵਾਲੀਆਂ ਜਿੰਮੇਵਾਰੀਆਂ ਪ੍ਰਭਾਵੀ ਤੌਰ ਤੇ ਨਿੱਜੀ ਹਿੱਸੇਦਾਰ ਦੀਆਂ ਹੋਣਗੀਆਂ । ਨਿੱਜੀ ਹਿੱਸੇਦਾਰ ਵਲੋ ਵਾਰ-ਵਾਰ ਆਰਥਿਕ ਕੁਤਾਹੀਆਂ ਜਾਂ ਕੋਈ ਹੋਰ ਕੁਤਾਹੀ ਕਰਨ ਦੀ ਸੂਰਤ

ਵਿਚ ਬੋਰਡ ਵਲੋ ਸਕੂਲ ਦੀਆਂ ਸੰਪਤੀਆਂ ਜਿਨ੍ਹਾਂ ਵਿਚ ਜ਼ਮੀਨ, ਇਮਾਰਤਾਂ ਅਤੇ ਸਾਜੋ-ਸਮਾਨ ਆਦਿ ਸਾਮਿਲ ਹਨ, ਉਤੇ ਕਬਜਾ ਕਰਨ ਦਾ ਅਧਿਕਾਰ ਹੋਵੇਗਾ ।

**(ਕ) ਵਿੱਤੀ. ਪ੍ਰਬੰਧ :-**

2000 ਵਿਦਿਆਰਥੀਆਂ ਦੇ ਆਦਰਸ ਸਕੂਲਾਂ ਤੇ ਖਰਚ ਹੋਣ ਵਾਲੀ ਪੂੰਜੀ ਜਿਸ ਦਾ ਕਿ 7.50 ਕਰੋੜ ਰੁਪਏ ਦੇ ਦਾਇਰੇ (ਰੇਂਜ) ਵਿਚ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ, ਨੂੰ ਰਾਜ ਸਰਕਾਰ ਜਾਂ ਪੰਜਾਬ ਸਿੱਖਿਆ ਵਿਕਾਸ ਬੋਰਡ ਅਤੇ ਨਿੱਜੀ ਹਿੱਸੇਦਾਰ ਵਲੋ 50:50 ਅਧਾਰ ਤੇ ਪੂਰਾ ਕੀਤਾ ਜਾਵੇਗਾ । ਪਰੰਤੂ ਰਾਜ ਸਰਕਾਰ / ਪੰਜਾਬ ਸਿੱਖਿਆ ਵਿਕਾਸ ਬੋਰਡ ਦੀ ਹਿੱਸੇਦਾਰੀ ਪ੍ਰਤੀ ਸਕੂਲ ਵੱਧ ਤੋ ਵੱਧ 3.75 ਕਰੋੜ ਰੁਪਏ ਜਾਂ 50% , ਜੋ ਵੀ ਘੱਟ ਹੋਵੇ, ਤੱਕ ਹੋਵੇਗੀ । ਜੇਕਰ 7.50 ਕਰੋੜ ਰੁਪਏ ਤੋ ਵੱਧ ਖ਼ਰਚਾ ਹੁੰਦਾ ਹੈ ਤਾਂ ਉਹ ਸਾਰਾ ਖ਼ਰਚਾ ਪ੍ਰਾਈਵੇਟ ਪਾਰਟਨਰ ਵੱਲੋ ਹੀ ਕੀਤਾ ਜਾਵੇਗਾ ।

ਕੈਪੀਟਲ ਕਾਸਟ ਤੇ 50.00 ਲੱਖ ਰੁਪਏ ਤੱਕ ਆਉਂਣ ਵਾਲਾ ਖ਼ਰਚਾ ਪਹਿਲਾ ਪ੍ਰਾਈਵੇਟ ਪਾਰਟਨਰ ਵੱਲੋ ਕੀਤਾ ਜਾਵੇਗਾ । ਇਸ ਉਪਰੰਤ ਬੋਰਡ ਵੱਲੋ 50.00 ਲੱਖ ਰੁਪਏ ਪ੍ਰਾਈਵੇਟ ਪਾਰਟਨਰ ਨੂੰ ਰਲੀਜ਼ ਕਰ ਦਿੱਤਾ ਜਾਵਗੇ ਅਤੇ ਇਸੇ ਤਰਾਂ ਅਗਲਾ ਖ਼ਰਚਾ ਵੀ ਬੋਰਡ ਦੁਆਰਾ ਉਕਤ ਲਾਇਨਾ ਤੇ ਸ਼ੇਅਰ ਕੀਤਾ ਜਾਵੇਗਾ ।

**(ਖ) ਤਕਰੀਬਨ 2000 ਵਿਦਿਆਰਥੀਆਂ ਦੇ ਖਰਚੇ ਸਬੰਧੀ :-**

ਆਦਰਸ ਸਕੂਲਾਂ ਵਿੱਚ ਤਕਰੀਬਨ 2000 ਵਿਦਿਆਰਥੀਆਂ ਦੇ ਕੰਮ-ਕਾਜੀ ਖਰਚਾ ਜੋ ਕਿ ਬੋਰਡ ਅਤੇ ਨਿੱਜੀ ਹਿੱਸੇਦਾਰਾਂ ਵਲੋਂ 70:30 ਦੇ ਅਨੁਪਾਤ ਨਾਲ ਵੰਡਿਆ ਜਾਵੇਗਾ । ਪ੍ਰੰਤੂ ਪ੍ਰਾਈਵੇਟ ਪਾਰਟਨਰਜ਼ ਵੱਲੋ ਆਉਣ ਵਾਲੇ ਪੂਰੇ ਖ਼ਰਚੇ ਦਾ ਵੇਰਵਾ ਦਿੱਤਾ ਜਾਵੇਗਾ ਅਤੇ ਉਸ ਉਪਰੰਤ ਵਾਕਿਆ ਹੀ ਕੀਤਾ ਗਿਆ ਖ਼ਰਚਾ ਜਾਂ 1600/- ਰੁਪਏ ਪ੍ਰਤੀ ਵਿਦਿਆਰਥੀ , ਪ੍ਰਤੀ ਮਹੀਨੇ ( ਕੇਂਦਰੀ ਵਿਦਿਆਲੇ ਦੇ ਨਾਰਮ ਅਨੁਸਾਰ ) ਵਿੱਚੋ , ਜੋ ਵੀ ਘੱਟ ਹੋਵੇ, ਹੀ 70 ਪ੍ਰਤੀਸ਼ਤ ਹਿੱਸਾ ਬੋਰਡ ਵੱਲੋ ਦਿੱਤਾ ਜਾਵੇਗਾ । 2000 ਤੋ ਜ਼ਿਆਦਾ ਵਿਦਿਆਰਥੀਆਂ ਦਾ ਸਾਰਾ ਖ਼ਰਚਾ ਨਿੱਜੀ ਹਿੱਸੇਦਾਰ ਖ਼ੁਦ ਕਰੇਗਾ । ਆਦਰਸ਼ ਸਕੂਲ ਨੂੰ ਚਲਾਉਣ ਦੀ ਸਾਰੀ ਜਿੰਮੇਵਾਰੀ ਪ੍ਰਾਈਵੇਟ ਪਾਰਟਨਰ ਦੀ ਹੀ ਹੋਵੇਗੀ , ਕਿਉਂਕਿ ਬੋਰਡ ਇਕ ਤਰ੍ਹਾਂ ਨਾਲ ਨਾਨ- ਪ੍ਰਫ਼ਾਰਮਿੰਗ ਪਾਰਟੀ ਹੈ ।

(ਗ) **ਵਿਦਿਆਰਥੀਆਂ ਦੀ ਚੋਣ ਬਾਰੇ :-**

ਵਿਦਿਆਰਥੀਆਂ ਦੀ ਚੋਣ ਨਿਰਪੱਖ ਅਤੇ ਪਾਰਦਰਸੀ ਤਰੀਕੇ ਨਾਲ ਕੀਤੀ ਜਾਵੇਗੀ ਅਤੇ ਆਮਦਨ ਤੇ ਰਿਹਾਇਸ ਸਬੰਧੀ ਮੁੱਢਲੀਆਂ ਪਾਤਰਤਾ ਸਬੰਧੀ ਸ਼ਰਤਾ ਦੀ ਸਬੰਧਤ ਡਿਪਟੀ ਕਮਿਸ਼ਨਰ ਵੱਲੋ ਤਸਦੀਕ ਕੀਤੀ ਜਾਵੇਗੀ । ਆਦਰਸ਼ ਸਕੂਲਾਂ ਵਿਚ ਦਾਖਲੇ ਦੇ ਮੰਤਵ ਲਈ ਬੋਰਡ ਵਲੋ ਘੱਟੋ-ਘੱਟ ਨਿਰਧਾਰਤ ਕੀਤੀ ਜਾਣ ਵਾਲੀ ਪ੍ਰਤੀਸ਼ੱਤਤਾ ਲੜਕੀਆਂ ਲਈ ਰਾਖਵੀਂ ਹੋਵੇਗੀ ।

(ਘ) **ਵਿਦਿਆਰਥੀਆਂ ਦੀ ਫ਼ੀਸ :-**

ਪੰਜਾਬ ਸਿੱਖਿਆ ਵਿਕਾਸ ਬੋਰਡ ਵਲੋ ਸਥਾਪਿਤ ਕੀਤੇ ਜਾਣ ਵਾਲੇ ਕਿਸੇ ਵੀ ਆਦਰਸ਼ ਸਕੂਲ ਵਿਚ ਵਿਦਿਆਰਥੀਆਂ ਤੋ ਕੋਈ ਫ਼ੀਸ/ ਫੰਡਜ਼ ਆਦਿ ਨਹੀਂ ਲਈ ਜਾਵੇਗੀ, ਭਾਵ ਉਨ੍ਹਾਂ ਨੂੰ ਮੁਫਤ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ ।

ਪ੍ਰੰਤੂ ਜੇਕਰ ਬੋਰਡ ਲੀਜ਼ ਡੀਡ ਅਨੁਸਾਰ ਆਪਣੀ ਕੁਮਿਟਮੈਂਟ ਪੂਰੀ ਨਹੀਂ ਕਰਦਾ ਤਾਂ ਪ੍ਰਾਈਵੇਟ ਪਾਰਟਨਰ ਵਿਦਿਆਰਥੀਆਂ ਤੋ ਫ਼ੀਸ ਲੈ ਸਕਦਾ ਹੈ, ਪ੍ਰੰਤੂ ਉਹ ਫ਼ੀਸ ਬਾਰੇ ਫੈਸਲਾ ਕਰਨ ਤੋ ਪਹਿਲਾ ਆਪਣੇ ਸਾਰੇ ਖ਼ਰਚੇ ਦਾ ਵੇਰਵਾ ਬੋਰਡ ਪਾਸ ਪੇਸ਼ ਕਰੇਗਾ ਅਤੇ ਬੋਰਡ ਦੀ ਪ੍ਰਵਾਨਗੀ ਉਪਰੰਤ ਹੀ ਬੋਰਡ ਵੱਲੋ ਨਿਸਚਿਤ ਕੀਤੀ ਗਈ ਦਰ ਤੇ ਫ਼ੀਸ ਚਾਰਜ ਕਰੇਗਾ ।

(ਙ) **ਵਿੱਤੀ ਸਾਧਨ :-**

ਆਦਰਸ਼ ਸਕੂਲਾਂ ਲਈ ਰਾਜ ਸਰਕਾਰ / ਪੰਜਾਬ ਸਿੱਖਿਆ ਵਿਕਾਸ ਬੋਰਡ ਵਲੋ ਪੂੰਜੀਗਤ ਦਾ ਕਾਰਜ ਸੰਚਾਲਕ ਵਿੱਤੀ ਹਿੱਸਾ ਰਾਜ ਦੇ ਵਿੱਤ ਵਿਭਾਗ ਅਤੇ ਯੋਜਨਾਂ ਬੰਦੀ ਵਿਭਾਗ ਵਲੋ ਉਚਿਤ ਵਸੀਲਿਆਂ ਰਾਂਹੀ ਮੁਹੱਈਆ ਕਰਵਾਇਆ ਜਾਵੇਗਾ, ਜਿਸ ਵਿਚ ਸਧਾਂਰਨ ਗੈਰ-ਯੋਜਨਾਂ ਤੇ ਯੋਜਨਾਂ ਦੇ ਬਜਟ ਉਪਬੰਧ, ਰਾਜ ਯੋਜਨਾਂ ਅਤੇ ਭਾਰਤ ਸਰਕਾਰ/ਭਾਰਤੀ ਯੋਜਨਾਂਬੰਦੀ ਕਮਿਸ਼ਨ ਤੋ ਪ੍ਰਾਪਤ ਵਧੀਕ ਕੇਂਦਰੀ ਸਹਾਇਤਾ, ਉਧਾਰ ਦੇਣ ਵਾਲੀਆਂ ਜਾਂ ਦਾਨ ਦੇਣ ਵਾਲੀਆਂ ਸੰਸਥਾਵਾਂ ਜੋ ਭਾਵੇ ਦੇਸੀ ਹੋਣ ਅਤੇ ਭਾਂਵੇ ਵਿਦੇਸੀ ਹੋਣ, ਸ਼ਾਮਿਲ ਹਨ ।

**(ਚ) ਆਦਰਸ ਸਕੂਲਾਂ ਲਈ ਸਟਾਫ :-**

ਆਦਰਸ਼ ਸਕੂਲਾਂ ਲਈ ਸਟਾਫਿੰਗ ਪੈਟਰਨ, ਅਧਿਆਪਕਾਂ ਦੀਆਂ ਵਿਦਿਅਕ ਯੋਗਤਾਵਾਂ ਅਤੇ ਮਾਪ-ਦੰਡ, ਸੀ.ਬੀ.ਐਸ.ਈ ਪ੍ਰਣਾਲੀ ਵਾਲਾ ਹੋਵੇਗਾ ।

**ਛ) ਪਾਤਰਤਾ (Eligibility):-**

**ਪਾਤਰਤਾ ਕਸਵੱਟੀ-ਕਾਰੋਬਾਰੀ ਸਮੂਹਾਂ ਵਿਅਕਤੀਆਂ ਅਤੇ ਵਿਦਿਅਕ ਸਮੂਹਾਂ ਲਈ ਕੱਸਵਟੀ ਹੇਠ ਦਰਸਾਏ ਮੁਤਾਬਿਕ ਹੈ :-**

ਕਾਰੋਬਾਰੀ ਸਮੂਹਾਂ ਲਈ ਕਾਰੋਬਾਰੀ ਸਮੂਹ ਵਿਅਕਤੀ ਕੋਲ ਜਰੂਰੀ ਤੌਰ ਤੇ ਘੱਟ ਤੋ ਘੱਟ 25.00 ਕਰੋੜ ਰੁਪਏ ਦੀ ਨਿਰੋਲ ਰਾਸ਼ੀ (ਮੂਲ) ਹੋਣੀ ਚਾਹੀਦੀ ਹੈ । ਇਸ ਦੇ ਵਿੱਚ ਪੁਨਅਰਥ ਫੰਡਾਂ, ਟਰੱਸਟਾਂ ਵਗੈਰਾ ਦੀ ਰਕਮ (ਮੂਲ) ਵੀ ਸ਼ਾਮਿਲ ਹੁੰਦੀ ਹੈ, ਜੋ ਕਿ ਕਾਰੋਬਾਰੀ ਸਮੂਹ/ਵਿਅਕਤੀ ਜੋ ਵੀ ਸੂਰਤ ਹੋਵੇ, ਵਲੋ ਚਲਾਏ ਜਾਂਦੇ ਹਨ ਅਤੇ ਜੋ ਆਦਰਸ਼ ਸਕੂਲ ਪ੍ਰੋਜੈਕਟ ਦੀ ਸਹਾਇਤਾ ਕਰਨ ਲਈ ਵੱਖਰੇ ਤੌਰ ਤੇ ਮੁਹੱਈਆ ਕਰਦੇ ਹਨ ।

ਵਿਦਿਅਕ ਸਮੂਹਾਂ ਲਈ ਸਮੂਹ ਕੋਲ ਜਰੂਰੀ ਤੌਰ ਤੇ 5 ਸਾਲਾਂ ਦੀ ਵਿਦਿਅਕ ਸੰਸਥਾਵਾਂ ਵਿਚ ਸਮੂਲੀਅਤ ਦਾ ਤਜਰਬਾ ਹੋਣਾ ਚਾਹੀਦਾ ਹੈ । ਦੂਜੀ ਗੱਲ ਸਮੂਹ ਪਿਛਲੇ 3 ਸਾਲਾਂ ਤੋ 2000 ਵਿਦਿਆਰਥੀਆਂ ਨਾਲ ਮੁਨਾਸਿਬ ਸਹੂਲਤਾਂ ਵਾਲੀਆਂ ਘੱਟੋ ਘੱਟ 2 ਵਿਦਿਅਕ ਸੰਸਥਾਵਾ (ਕਾਲਜ/ਸਕੂਲ) ਚਲਾ ਰਿਹਾ ਹੋਣਾ ਚਾਹੀਦਾ ਹੈ । ਸੰਸਥਾਵਾਂ ਦੀ ਗਿਣਤੀ ਅਤੇ ਵਿਦਿਆਰਥੀਆਂ ਦੀ ਗਿਣਤੀ ਦਾ ਹਿਸਾਬ ਲਗਾਉਂਦੇ ਸਮੇ ਇਹਨਾਂ ਸਮੂਹਾਂ ਵਲੋ ਚਲਾਈਆਂ ਜਾ ਰਹੀਆਂ ਪੁੰਨ-ਅਰਥ ਸੰਸਥਾਵਾਂ ਨੂੰ ਵੀ ਗਿਣਿਆ ਜਾਵੇਗਾ ਅਤੇ ਅੰਤ੍ਰਿਮ ਤੌਰ ਤੇ ਉਸ ਸਮੂਹ ਕੋਲ ਜਰੂਰੀ ਤੌਰ ਤੇ ਘੱਟੋ-ਘੱਟ 5.00 ਕਰੋੜ ਰੁਪਏ ਦੀ ਨਿਰੋਲ ਰਕਮ (ਮੂਲ) ਹੋਣੀ ਚਾਹੀਦੀ ਹੈ ।

ਇਹ ਕਸਵੱਟੀ ਵੱਧ ਤੋ ਵੱਧ 5 ਸਕੂਲਾਂ ਲਈ ਲਾਗੂ ਹੋਵੇਗੀ ਅਤੇ ਉਸ ਤੋ ਬਾਅਦ ਇਹ ਵਿੱਤੀ ਜਰੂਰਤਾਂ ਕ੍ਰਮਵਾਰ 25.00 ਅਤੇ 5.00 ਕਰੋੜ ਰੁਪਏ, ਜੋ ਵੀ ਸੂਰਤ ਹੋਵੇ, ਦੀਆਂ ਸਲੈਬਾਂ ਦੀ ਨਿਸਬਤ ਵਿਚ ਵੱਧਣਗੀਆਂ ।

(ਜ) **ਸੰਬਧਤਾ ( Affiliation) :-**

ਆਦਰਸ਼ ਸਕੂਲਾਂ ਲਈ ਸੀ.ਬੀ.ਐਸ.ਈ ਨਾਲ ਲੋੜੀਂਦੀ ਸਬੰਧਤਾਂ ( **Affiliation)** ਸਮਰੱਥ ਅਥਾਰਟੀ ਪਾਸੋ ਜਰੂਰੀ ਤੌਰ ਤੇ ਪ੍ਰਵਾਨਗੀ ਲੈਣੀ ਲੋੜੀਂਦੀ ਹੋਵੇਗੀ ।

(ਝ) **ਕਾਰਗੁਜਾਰੀ-ਨਜ਼ਰਸਾਨੀ (Performance Review) :-**

ਪੰਜਾਬ ਸਿੱਖਿਆ ਵਿਕਾਸ ਬੋਰਡ ਸਾਲ ਵਿਚ ਇੱਕ ਵਾਰੀ ਆਦਰਸ਼ ਸਕੂਲਾਂ ਦੀ ਕਾਰਗੁਜਾਰੀ ਦੀ ਨਜ਼ਰਸਾਨੀ ਕਰੇਗਾ ਅਤੇ ਅਜਿਹੀ ਨਜ਼ਰਸਾਨੀ ਦੇ ਤੱਥਾਂ ਦੇ ਅਧਾਰ ਉਤੇ ਸਾਬਤ ਕੀਤੇ ਗਏ ਅਤੇ ਮੋਨਾਸਬ ਤੌਰ ਤੇ ਵਾਜਿਬ ਪ੍ਰੇਖਣਾ ਨੂੰ ਆਦਰਸ਼ ਸਕੂਲਾਂ ਦੀ ਮੈਨੇਜਮੈਂਟ ਨੂੰ ਦਰੁਸਤੀਆਂ, ਜੇਕਰ ਕੋਈ ਹੋਣ , ਭੇਜਿਆ ਜਾਵੇਗਾ ।

(ਞ) **ਹੋਰ ਮੁੱਦਾ :-**

ਉਕਤ ਤੋ ਇਲਾਵਾ ਕੋਈ ਵੀ ਹੋਰ ਮੁੱਦਾ, ਜੋ ਵੀ ਸਥਾਨਿਕ ਮੈਨੇਜਮੈਟ ਦੇ ਅਧਿਕਾਰ ਖੇਤਰ ਤੋ ਬਾਹਰ ਦਾ ਹੈ, ਉਸ ਬਾਰੇ ਬੋਰਡ ਸਮੇਂ-ਸਮੇ ਸਿਰ ਫੈਸਲਾ ਕਰੇਗਾ ਅਤੇ ਇਸ ਦਾ ਫੈਸਲਾ ਅੰਤਿ

## Guidelines /Instructions for the establishment of Adarsh Schools in the State of Punjab under the Public Private Partnership mode.

### A) Adarsh School in every Block:-

With a view to improve the quality and the level of the School Education in the rural in general and speciality to provide top quality free education to " Poor and intelligent" student hailing from the respective rural areas, Adarsh Schools from pre-Nursery to 10+2 classes should be opened in all the Community Development Blocks in the State.

### B) Provision of Land for Adarsh Schools:-

10 to 15 acres of land, having a clear title, free from litigation and encumbrances, would be required to establish and Adarash School, subject to availability, the land provided could be as high as 25 acres. The land should be situated either on the main highway/road, preferably in the centrally located village, so that the school may be able to serve the maximum area and population, in an efficient and effective way. As it would be essentially the responsibility of the State Government to provide land for his purpose, land belonging to or vested in the Gram Panchayts, Panchayat Samitis and Zila Parishads or other local bodies of authorities should be used for his purpose. After the identification of land and finalization of the location, the same shall be transferred free of cost to the Punjab Education Development Board (hereinafter the Board) the statutory Board constituted under the Punjab Education Development Act, 1988 which is headed by the Hon'ble Chief Minister. the Member Secretary, Punjab Education Development Board contained in The Board shall further lease out these lands to identified private partners on long-term basis, on token lease money. Agreement /Lease Deed shall be signed by the Annexure 1 and 2 read as a part of this scheme.

### C) Infrastructure:-

To provide uniformity and also a high level of standard the syllabi, the staffing pattern, the qualifications of teachers and other parameters, the CBSE system, being the optimal one, should be adopted. To provide Adarsh Schools a separate and unique identity, the colour scheme of all the school buildings, uniforms and flags should be the same. The design and style of buildings, laboratories and other infrastructure should also be broadly similar in pattern, keeping in view, of course, the shape of the land and other local constraints.

Private Partners are at liberty to decide the exterior finish (snowcem, exposed brick etc) and the colour scheme as also the internal layout of the school.

**D) Management Framework:-**

There should be two-tier management system to govern all the Adarsh Schools in the State. At the State level, the over—arching body shall be the aforementioned Punjab Education Development Board, established under the Punjab Education Development Act, 1988.

i) Adarsh Schools can be established either by the Board itself or stand-alone basis or in partnership with reputed private players.

ii) That the Board shall be competent to accept gift or donation of land from Panchayati Raj Institutions (PRIs).Local Bodies , Corporations, Departments etc. and even from private individuals and parties, including NRIs and NGOs, for the establishment of Adarsh Schools and would be competent to lease out the same to the selected Private Partners; that the composition of the Board will have an equal number of members from the State Government on the one side and from the Private Partners & Educationists on the other side (to be appointed, however, by the State Government).

iii) That the cost of establishing and operation of the Adarsh Schools shall be the first charge on the Punjab Education Development Fund and that an Adarsh Schools corpus shall be created out of the balance resources in the Fund.

iv) The nomiclature of the Adarsh School shall be Government followed by the name of the Private Partner then the name of place.

v) If the response from the Private Partners for the establishment of Adarsh School by the PEDB does not come to the desired extent, alternative proposal such as Allocation of Adarsh Schools to the bodies like Punjab School Education Board or reputed Trusts may also be like allowed to be considered by providing them lump-sum Capital Cost to the extent of 100% or Rs. 3.00 Crores whichever is less and operational cost of Rs. 75.00 Lacs per annum per School, other things such as no fees from the students, Land on Lease etc remaining the same.

**E) The School Level Management**:

The School Level Management will be effectively with the private partner, which shall be free to form a separate Trust or a Society, registered under Societies Registration Act, 1860, for this purpose, although there shall be no objection to them using their existing entities to run an Adarsh Schools The authority as well as the consequential responsibility at the operational level to run the Adarsh Schools shall effectively vest with the private partner. However, the PPP agreement shall clearly enumerate the level of measurable standards expected to be achieved by the Private management and also provide that the assets of the School, including land, building and equipment etc., shall be liable to be taken over by the Board, in case of persistent default, pecuniary or otherwise, by the private partner.

**F) Financial Arrangements:-**

The capital cost, estimated to be 7.50 crore rupees, shall be met on 50:50 basis by the State Government and/or the Punjab Education Development Board and Private partner. However, the State Government's contribution, per school, shall be a maximum of 3.75 crore rupees or 50% whichever is less. The capital cost beyond 7.50 crore rupees will be borne wholly by the Private Partner.

The Private Partner will first spend a sum of Rs. 50.00 lacs on Capital Cost thereafter a sum of Rs. 50.00 lacs will be released by the Board. Further expenditure on this account shall be shared by the Board on the same lines.

**G) The operational cost of about 2000 students :**

The operational cost of an Adarsh Schools with about 2000 students with a cap of Rs. 1600 per student shall be shared on 70:30 basis between the Board and the Private Partner, depending upon the level of facilities that the Board and the private partner may mutually agree to provide. The same shall be shared on 70:30 basis between the Board and private partner.

The expenditure on the students exceeding 2000 shall be borne by the Private Partner itself. The entire responsibility for the operation of the schools for that of the Private Partner as the Board is a non performing party.

**H) The selection of Students**:-

The selection of Students shall be through fair and transparent criteria and the basic eligibility conditions as regards income and residence etc. shall be rigorously verified by the concerned Deputy Commissioner. A minimum percentage, to be determined by the Board, shall be reserved for girl students for the purposes of admission to the Adarsh Schools.

**I) The Fee For the Students :-**

No fee or fund etc. Whatsoever, will be charged from the Students of any Adarsh Schools established by the board,free education will be provide to them.

If the board does not fulfills its commitment as per the Lease Deed then the Private Partner can charge fees from the students but before taking decision to charge fee, the private partner shall submit a detailed account of expenditure to the Board and charge only that fee which is fixed by the Board.

**J) Financial sources:-**

The financial share of the State Government/Board, whether capital or operational, shall be arranged by the State Finance Department and the Planning Department from appropriate sources, including ordinary non-plan and plan State budgetary provisions, State Plan, Additional Central Assistance from the Government of India/Planning Commission of India, or from lending or donor institutions, whether domestic or institutional.

**K) Staff for Adarsh Schools:**

The staffing pattern, the qualifications of teachers and other parameters, the CBSE system, being the optimal one, should be adopted.

**L) The eligibility criteria**:-

The criteria for Business Groups/Individuals and Educational Groups is as under:-

**For Business Group**:

The Business Group/Individual must have a minimum net worth of Rs. 25.00 Crores This will also include the worth of Charitable Funds, trusts etc., which are run by the Business Group/Individual as the case may be and which separately resolve to support the Adarsh Schools Project.

**For the Educational groups:**

The group must have 5 years experience/involvement in the Educational Institutions. Second, the group must be running at least 2 Educational Institutions (Colleges or Schools) with proper affiliation, with not less than 2000 students for the last 3 years. Charitable Institutions run by these groups would also be counted towards while calculating the numbers of institutions and the numbers of students. And finally the group must have net worth of at least Rs. 5.00 crore.

These criteria shall be applicable for a maximum of five schools and thereafter these financial requirements shall be scaled up proportionately in slabs of Rs. 25.00 & 5.00 crore respectively, as the case may be.

**M) Affiliation:**

The school would be required to obtain necessary affiliation with the CBSE and any other permission that might be required from any competent authority.

N) **Performance Review:**

Punjab Education Development Board would review the working of the Adarsh School once a year and the findings of such a Review, factually substantiated and duly reasoned, shall be communicated to the School Management for course corrections, if any. The decision of the Chairman, Punjab Education Development Board thereon shall be final.

**O) Any Other Issue :**

Any other issue, which is beyond the scope of local management or which the Board may decide from time to time.